# ਕੋਰੋਨਾਵਾਇਰਸ (ਕੋਵਿਡ-19) ਦਾ ਟੀਕਾਕਰਨ

## ਇੰਗਲੈਂਡ, ਸਕਾਟਲੈਂਡ ਅਤੇ ਵੇਲਜ਼

ਕੋਰੋਨਾਵਾਇਰਸ (ਕੋਵੀਡ-19) ਦੇ ਟੀਕੇ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹਨ।ਇਹ ਤੁਹਾਨੂੰ ਕੋਰੋਨਾਵਾਇਰਸ ਤੋਂ ਵਧੀਆ ਸੁਰੱਖਿਆ ਪ੍ਰਦਾਨ ਕਰਦਾ ਹੈ।

ਸੰਸਕਰਨ 1 (03.03.2021 ਨੂੰ ਅੱਪਡੇਟ ਕੀਤਾ ਗਿਆ)

**ਪੰਜਾਬੀ | PUNJABI**

»

# ਸਮੱਗਰੀ


ਕੋਵਿਡ-19 ਦਾ ਟੀਕਾ ਕੌਣ ਲਗਵਾ ਸਕਦਾ ਹੈ? ........ 2

ਕੋਵਿਡ-19 ਦਾ ਟੀਕਾ ਲਗਾਉਣ ਦਾ ਤਰੀਕਾ ........ 3

ਕੋਵਿਡ-19 ਦਾ ਟੀਕਾ ਲਗਵਾਉਣ ਦਾ ਕੀ ਤਰੀਕਾ ਹੈ ........ 3

ਕੋਵਿਡ-19 ਦੇ ਟੀਕੇ ਕਿਵੇਂ ਸੁਰੱਖਿਅਤ ਹਨ? ........ 5

ਕੋਵਿਡ-19 ਦਾ ਟੀਕਾ ਕਿਵੇਂ ਪ੍ਰਭਾਵਸ਼ਾਲੀ ਹੈ? ........ 6

ਕੋਵਿਡ-19 ਦੇ ਟੀਕਾ ਦੇ ਮਾੜੇ ਪ੍ਰਭਾਵ ........ 6

ਕੋਵਿਡ-19 ਦੇ ਟੀਕੇ ਸੰਬੰਧੀ ਸਮੱਗਰੀ ........ 6

ਹੋਰ ਜਾਣਕਾਰੀ ........ 6


## ਕੋਵਿਡ-19 ਦਾ ਟੀਕਾ ਕੌਣ ਲਗਵਾ ਸਕਦਾ ਹੈ?

ਐੱਨ.ਐੱਚ.ਐੱਸ. (NHS) ਦੁਆਰਾ ਪੇਸ਼ ਕੀਤੇ ਜਾਣ ਵਾਲੇ ਕੋਵਿਡ-19 ਦੇ ਟੀਕੇ, ਇਮੀਗ੍ਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਇੰਗਲੈਂਡ, ਸਕਾਟਲੈਂਡ ਅਤੇ ਵੇਲਜ਼ ਦੇ ਸਾਰੇ ਬਾਲਗਾਂ ਲਈ ਮੁਫ਼ਤ ਵਿੱਚ ਉਪਲਬਧ ਹੋਣਗੇ।ਇਸ ਵਿੱਚ ਉਹ ਲੋਕ ਸ਼ਾਮਲ ਹੁੰਦੇ ਹਨ, ਜਿਨ੍ਹਾਂ ਨੂੰ ਪਬਲਿਕ ਫੰਡਾਂ (NRPF) ਦਾ ਕੋਈ ਸਹਾਰਾ ਨਹੀਂ ਹੁੰਦਾ।ਐੱਨ.ਐੱਚ.ਐੱਸ. (NHS) ਇਸ ਸਮੇਂ ਕੋਰੋਨਾਵਾਇਰਸ ਦੇ ਸਭ ਤੋਂ ਵੱਧ ਜੋਖ਼ਮ ਵਾਲੇ ਲੋਕਾਂ ਨੂੰ ਕੋਵਿਡ-19 ਦੇ ਟੀਕੇ ਲਗਾ ਰਿਹਾ ਹੈ।

ਕੁਝ ਫਾਰਮੇਸੀਆਂ ਵਿੱਚ, ਜੀ.ਪੀ. ਦੁਆਰਾ ਚਲਾਏ ਜਾ ਰਹੇ ਸਥਾਨਕ ਟੀਕਾਕਰਨ ਕੇਂਦਰਾਂ ਅਤੇ ਵੱਡੇ ਟੀਕਾਕਰਨ ਕੇਂਦਰਾਂ ਵਿੱਚ ਇਹ ਟੀਕੇ ਲਗਾਏ ਜਾ ਰਹੇ ਹਨ।

ਐੱਨ.ਐੱਚ.ਐੱਸ. (NHS), ਕਲੀਨਿਕਲ ਜੋਖ਼ਮ ਦੇ ਅਨੁਸਾਰ ਉਹਨਾਂ ਲੋਕਾਂ ਦਾ ਟੀਕਾਕਰਨ ਕਰੇਗਾ, ਜੋ ਕਿ ਵੱਡੇ ਪੱਧਰ 'ਤੇ ਮੌਜੂਦਾ ਡਾਕਟਰੀ ਸਥਿਤੀਆਂ ਅਤੇ ਬੁਢਾਪੇ ਤੋਂ ਨੌਜਵਾਨਾਂ ਤੱਕ ਦੇ ਸਮੂਹਾਂ 'ਤੇ ਅਧਾਰਿਤ ਹਨ।ਕੁਝ ਲੋਕਾਂ ਨੂੰ ਕੋਵਿਡ-19 ਤੋਂ ਗੰਭੀਰ ਜਟਿਲਤਾਵਾਂ ਦੇ ਹੋਰ ਲੋਕਾਂ ਨਾਲੋਂ ਵਧੇਰੇ ਜੋਖ਼ਮ ਹੁੰਦੇ ਹਨ।

ਇਹ ਟੀਕਾ ਇਹਨਾਂ ਲੋਕਾਂ ਦੇ ਲਗਾਇਆ ਜਾ ਰਿਹਾ ਹੈ:

- 55 ਸਾਲ ਜਾਂ ਇਸਤੋਂ ਵੱਧ ਉਮਰ ਦੇ ਲੋਕਾਂ ਦੇ
- ਕੋਰੋਨਾਵਾਇਰਸ ਦੇ ਉੱਚ ਜੋਖ਼ਮ ਵਾਲੇ ਲੋਕਾਂ ਦੇ (ਜਿੰਨ੍ਹਾਂ ਲੋਕਾਂ ਨੂੰ ਲੰਮੇ ਸਮੇਂ ਤੋਂ ਸਿਹਤ ਸੰਬੰਧੀ ਸਮੱਸਿਆਵਾਂ ਹਨ)
- ਮੌਜੂਦਾ ਮੈਡੀਕਲ ਸਮੱਸਿਆਵਾਂ ਦੇ ਕਾਰਨ ਕੋਰੋਨਾਵਾਇਰਸ ਤੋਂ ਜਟਿਲਤਾਵਾਂ ਦੇ ਵੱਧ ਜੋਖ਼ਮ ਵਾਲੇ ਲੋਕਾਂ ਦੇ (ਜਿਵੇਂ ਕਿ COPD, ਅਸਥਮਾ, ਦਿਲ ਦੀਆਂ ਬਿਮਾਰੀਆਂ, ਗੁਰਦੇ ਜਾਂ ਜਿਗਰ ਦੀ ਬਿਮਾਰੀ, ਸ਼ੂਗਰ ਅਤੇ ਲੰਮੇ ਸਮੇਂ ਤੋਂ ਹੋਰ ਸਿਹਤ ਸਮੱਸਿਆਵਾਂ)
- ਦੇਖਭਾਲ ਸੰਬੰਧੀ ਘਰਾਂ ਵਿੱਚ ਰਹਿਣ ਜਾਂ ਕੰਮ ਕਰਨ ਵਾਲੇ ਲੋਕਾਂ ਦੇ
- ਸਿਹਤ ਅੇਤ ਸਮਾਜਿਕ ਦੇਖਭਾਲ ਵਾਲੇ ਵਰਕਰਾਂ ਦੇ
- ਸਿੱਖਣ ਸੰਬੰਧੀ ਅਯੋਗਤਾ ਵਾਲੇ ਲੋਕ
- ਦੇਖਭਾਲ ਸੰਬੰਧੀ ਭੱਤੇ ਲਈ ਯੋਗ ਲੋਕਾਂ ਦੇ

ਯੂ.ਕੇ. ਸਰਕਾਰ ਦਾ ਉਦੇਸ਼ ਜੁਲਾਈ ਦੇ ਅੰਤ ਤੱਕ ਸਾਰੇ ਬਾਲਗਾਂ ਨੂੰ ਉਹਨਾਂ ਦੇ ਟੀਕੇ ਦੀ ਪਹਿਲੀ ਖੁਰਾਕ ਦੀ ਪੇਸ਼ਕਸ਼ ਕਰਨਾ ਹੈ।

ਇੰਗਲੈਂਡ:ਵੱਧ ਉਮਰ ਦੇ ਬਾਲਗਾਂ ਲਈ ਕੋਵੀਡ-19 ਦੇ ਟੀਕਾਕਰਨ ਬਾਰੇ ਨਵੀਨਤਮ ਜਾਣਕਾਰੀ ਪੜ੍ਹੋ

ਸਕਾਟਲੈਂਡ:ਬਾਲਗਾਂ ਲਈ ਕੋਵੀਡ-19 ਦੇ ਟੀਕਾਕਰਨ ਬਾਰੇ ਨਵੀਨਤਮ ਜਾਣਕਾਰੀ ਪੜ੍ਹੋ

ਵੇਲਜ਼:ਕੋਵੀਡ-19 ਦੇ ਟੀਕਾਕਰਨ ਬਾਰੇ ਨਵੀਨਤਮ ਜਾਣਕਾਰੀ ਪੜ੍ਹੋ

## ਜੇਕਰ ਤੁਸੀਂ ਹਾਲੇ ਵੀ ਯੋਗ ਨਹੀਂ ਹੋ,

ਤਾਂ ਸੰਪਰਕ ਕੀਤੇ ਜਾਣ ਦੀ ਉਡੀਕ ਕਰੋ।ਟੀਕਾ ਲਗਵਾਉਣ ਦੀ ਤੁਹਾਡੀ ਵਾਰੀ ਆਉਣ 'ਤੇ ਐੱਨ.ਐੱਚ.ਐੱਸ. (NHS) ਤੁਹਾਨੂੰ ਦੱਸੇਗਾ।

ਇੰਗਲੈਂਡ:ਕੋਵੀਡ-19 ਦੇ ਟੀਕੇ ਸੰਬੰਧੀ ਯੋਗਤਾ ਅਤੇ ਟੀਕੇ ਸੰਬੰਧੀ ਅਪੁਰਤੀਆਂ ਬਾਰੇ ਨਵੀਨਤਮ ਜਾਣਕਾਰੀ ਪੜ੍ਹੋ

## ਕੀ ਟੀਕਾ ਸਾਰਿਆਂ ਲਈ ਢੁਕਵਾਂ ਹੈ?

ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਜੇਕਰ ਤੁਸੀਂ ਗਰਭਵਤੀ ਹੋ, ਤਾਂ ਕੋਵਿਡ-19 ਦਾ ਟੀਕਾ ਲਗਵਾਉਣਾ ਅਸੁਰੱਖਿਅਤ ਹੁੰਦਾ ਹੈ।ਪਰ ਤੁਹਾਨੂੰ ਨਿਯਮਿਤ ਤੌਰ 'ਤੇ ਇਸ ਦੀ ਪੇਸ਼ਕਸ਼ ਕਰਨ ਤੋਂ ਪਹਿਲਾਂ, ਹੋਰ ਸਬੂਤ ਦੀ ਲੋੜ ਹੈ

ਟੀਕਾਕਰਨ ਅਤੇ ਸੁਰੱਖਿਆ ਦੀ ਸੰਯੁਕਤ ਕਮੇਟੀ ਨੇ ਆਪਣੀ ਸਲਾਹ ਨੂੰ ਅੱਪਡੇਟ ਕੀਤਾ ਹੈ ਕਿ ਤੁਸੀਂ ਟੀਕੇ ਲਗਵਾਉਣ ਬਾਰੇ ਸੋਚ ਸਕਦੇ ਹੋ, ਜੇਕਰ ਤੁਸੀਂ ਗਰਭਵਤੀ ਹੋ ਅਤੇ:

- ਤੁਹਾਡੇ ਵੱਲੋਂ ਕੰਮ ਕਰਨ ਵਾਲੇ ਸਥਾਨ ਦੇ ਕਾਰਨ ਤੁਹਾਨੂੰ ਕੋਰੋਨਾਵਾਇਰਸ ਹੋਣ ਦਾ ਉੱਚ ਜੋਖ਼ਮ ਹੈ
- ਤੁਹਾਨੂੰ ਸਿਹਤ ਸੰਬੰਧੀ ਕੋਈ ਸਮੱਸਿਆ ਹੈ, ਜਿਸਦਾ ਮਤਲਬ ਹੈ ਕਿ ਤੁਹਾਨੂੰ ਕੋਰੋਨਵਾਇਰਸ ਦੀਆਂ ਗੰਭੀਰ ਜਟਿਲਤਾਵਾਂ ਦਾ ਉੱਚ ਜੋਖ਼ਮ ਹੈ

ਟੀਕਾਕਰਨ ਤੋਂ ਬਾਅਦ ਤੁਹਾਨੂੰ ਗਰਭ-ਅਵਸਥਾ ਤੋਂ ਬਚਣ ਦੀ ਜ਼ਰੂਰਤ ਨਹੀਂ ਹੈ।ਟੀਕਿਆਂ ਵਿੱਚ ਕੋਈ ਵੀ ਜੀਵਿਤ ਵਾਇਰਸ ਨਹੀਂ ਹੁੰਦਾ ਅਤੇ ਇਸ ਨਾਲ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕੋਵੀਡ-19 ਨਹੀਂ ਹੋ ਸਕਦਾ।ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਕੋਵਿਡ-19 ਦੇ ਟੀਕੇ ਜਣਨ ਸ਼ਕਤੀ ਨੂੰ ਪ੍ਰਭਾਵਿਤ ਕਰਨਗੇ।

ਜੇਕਰ ਤੁਸੀਂ ਬੱਚੇ ਨੂੰ ਛਾਤੀ ਦਾ ਦੁੱਧ ਪਿਲਾ ਰਹੇ ਹੋ, ਤਾਂ ਤੁਹਾਡੇ ਕੋਵਿਡ-19 ਦਾ ਟੀਕਾ ਲੱਗ ਸਕਦਾ ਹੈ।ਟੀਕਾਕਰਨ ਤੋਂ ਪਹਿਲਾਂ ਇੱਕ ਹੈਲਥ-ਕੇਅਰ ਪੇਸ਼ੇਵਰ ਨਾਲ ਗੱਲਬਾਤ ਕਰੋ।ਉਹ ਤੁਹਾਡੇ ਨਾਲ ਫਾਇਦਿਆਂ ਅਤੇ ਜੋਖ਼ਮਾਂ ਬਾਰੇ ਵਿਚਾਰ-ਵਟਾਂਦਰਾ ਕਰਨਗੇ।

ਇੰਗਲੈਂਡ:ਜੇਕਰ ਤੁਸੀਂ ਗਰਭਵਤੀ ਹੋ, ਗਰਭਵਤੀ ਹੋ ਸਕਦੇ ਹੋ ਜਾਂ ਛਾਤੀ ਦਾ ਦੁੱਧ ਪਿਲਾ ਰਹੇ ਹੋ, ਤਾਂ ਕੋਵੀਡ-19 ਦੇ ਟੀਕੇ ਸੰਬੰਧੀ ਨਵੀਨਤਮ ਸਲਾਹ ਨੂੰ ਪੜ੍ਹੋ

ਸਕਾਟਲੈਂਡ:ਜੇਕਰ ਤੁਸੀਂ ਗਰਭਵਤੀ ਹੋ, ਗਰਭਵਤੀ ਹੋ ਸਕਦੇ ਹੋ ਜਾਂ ਛਾਤੀ ਦਾ ਦੁੱਧ ਪਿਲਾ ਰਹੇ ਹੋ, ਤਾਂ ਕੋਵੀਡ-19 ਦੇ ਟੀਕੇ ਸੰਬੰਧੀ ਨਵੀਨਤਮ ਸਲਾਹ ਨੂੰ ਪੜ੍ਹੋ

ਵੇਲਜ਼:ਜੇਕਰ ਤੁਸੀਂ ਗਰਭਵਤੀ ਹੋ, ਗਰਭਵਤੀ ਹੋ ਸਕਦੇ ਹੋ ਜਾਂ ਛਾਤੀ ਦਾ ਦੁੱਧ ਪਿਲਾ ਰਹੇ ਹੋ, ਤਾਂ ਕੋਵੀਡ-19 ਦੇ ਟੀਕੇ ਸੰਬੰਧੀ ਨਵੀਨਤਮ ਸਲਾਹ ਨੂੰ ਪੜ੍ਹੋ

ਜੇਕਰ ਤੁਹਾਨੂੰ ਕਦੇ ਵੀ ਉਸੇ ਟੀਕੇ ਦੀ ਪਿਛਲੀ ਖੁਰਾਕ ਜਾਂ ਟੀਕੇ ਦੇ ਕਿਸੇ ਵੀ ਸਮੱਗਰੀ ਦੀ ਗੰਭੀਰ ਐਲਰਜੀ ਪ੍ਰਤੀਕਿਰਿਆ (ਐਨਾਫਾਈਲੈਕਸਿਸ ਵੀ ਸ਼ਾਮਲ ਹੈ) ਹੋਈ ਹੈ, ਤਾਂ ਤੁਹਾਨੂੰ ਕੋਵਿਡ-19 ਦਾ ਟੀਕਾ ਨਹੀਂ ਲਗਵਾਉਣਾ ਚਾਹੀਦਾ।

ਜਿਨ੍ਹਾਂ ਲੋਕਾਂ ਨੂੰ ਇਮਯੂਨੋਸਪਰੈਸ਼ਨ ਅਤੇ ਐੱਚ.ਆਈ.ਵੀ. (HIV) ਦੀ ਲਾਗ (CD4 ਦੀ ਗਿਣਤੀ ਤੋਂ ਬਿਨਾਂ) ਹੈ, ਉਹਨਾਂ ਨੂੰ ਟੀਕਾ ਲਗਾਇਆ ਜਾਣਾ ਚਾਹੀਦਾ ਹੈ।

ਖ਼ੂਨ ਜੰਮਣ ਜਾਂ ਖ਼ੂਨ ਵਹਿਣ ਦੀਆਂ ਬਿਮਾਰੀਆਂ ਵਾਲੇ ਲੋਕ ਹਾਲੇ ਵੀ ਟੀਕਾ ਪ੍ਰਾਪਤ ਕਰ ਸਕਦੇ ਹਨ, ਪਰ ਉਨ੍ਹਾਂ ਨੂੰ ਆਪਣੇ ਦੇਖਭਾਲ ਪ੍ਰਦਾਤਾ ਨਾਲ ਸਲਾਹ-ਮਸ਼ਵਰਾ ਕਰਨ ਦੀ ਜ਼ਰੂਰਤ ਹੋ ਸਕਦੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਟੀਕਾ ਇਲਾਜ ਦੌਰਾਨ ਸਹੀ ਸਮੇਂ 'ਤੇ ਲਗਾਇਆ ਗਿਆ ਹੈ।

## ਕੋਵਿਡ-19 ਦਾ ਟੀਕਾ ਲਗਾਉਣ ਦਾ ਤਰੀਕਾ

ਕੋਵੀਡ-19 ਦੇ ਸਾਰੇ ਟੀਕੇ ਤੁਹਾਡੀ ਬਾਂਹ ਦੇ ਉੱਪਰਲੇ ਹਿੱਸੇ ਵਿੱਚ ਇੱਕ ਟੀਕੇ ਵਜੋਂ ਲਗਾਏ ਜਾਂਦੇ ਹਨ।ਉਹਨਾਂ ਨੂੰ ਦੋ ਖੁਰਾਕਾਂ ਦੇ ਰੂਪ ਵਿੱਚ ਟੀਕਾ ਲਗਾਇਆ ਜਾਂਦਾ ਹੈ।ਤੁਹਾਡੇ ਪਹਿਲਾ ਟੀਕਾ ਲੱਗਣ ਤੋਂ ਤਿੰਨ ਤੋਂ 12 ਹਫ਼ਤਿਆਂ ਬਾਅਦ ਤੁਹਾਡੇ ਦੂਜਾ ਟੀਕਾ ਲੱਗੇਗਾ।

ਜਦੋਂ ਤੁਸੀਂ ਆਪਣੀ ਪਹਿਲੀ ਖੁਰਾਕ ਪ੍ਰਾਪਤ ਕਰਦੇ ਹੋ, ਤਾਂ ਤੁਹਾਨੂੰ ਇਸਦੇ ਟੀਕੇ ਦੇ ਵੇਰਵੇ ਵਾਲਾ ਇੱਕ ਛੋਟਾ ਕਾਰਡ ਦਿੱਤਾ ਜਾਵੇਗਾ।ਤੁਹਾਨੂੰ ਇਸ ਕਾਰਡ ਨੂੰ ਸੁਰੱਖਿਅਤ ਰੱਖਣਾ ਚਾਹੀਦਾ ਹੈ।ਜੇਕਰ ਤੁਹਾਨੂੰ ਆਪਣੇ ਦੂਸਰੇ ਟੀਕੇ ਦੀ ਖੁਰਾਕ ਕਿਸੇ ਵੱਖਰੇ ਟੀਕਾਕਰਨ ਕੇਂਦਰ 'ਤੇ ਲਗਵਾਉਣੀ ਪੈਂਦੀ ਹੈ, ਤਾਂ ਕਾਰਡ ਇਹ ਯਕੀਨੀ ਬਣਾਵੇਗਾ ਕਿ ਤੁਹਾਨੂੰ ਸਹੀ ਕਿਸਮ ਦਾ ਟੀਕਾ ਲੱਗਿਆ ਹੈ।

## ਕੋਵਿਡ-19 ਦਾ ਟੀਕਾ ਲਗਵਾਉਣ ਦਾ ਕੀ ਤਰੀਕਾ ਹੈ

ਐੱਨ.ਐੱਚ.ਐੱਸ. (NHS) ਦੁਆਰਾ ਪੇਸ਼ ਕੀਤੇ ਗਏ ਕੋਵੀਡ-19 ਦੇ ਟੀਕੇ, ਇਮੀਗ੍ਰੇਸ਼ਨ ਦੀ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਯੂ.ਕੇ. ਵਿੱਚ ਸਾਰੇ ਬਾਲਗਾਂ ਲਈ ਮੁਫ਼ਤ ਵਿੱਚ ਉਪਲਬਧ ਹੋਣਗੇ।

ਜੇਕਰ ਤੁਸੀਂ ਕਿਸੇ ਜਨਰਲ ਪ੍ਰੈਕਟੀਸ਼ਨਰ (ਜੀ.ਪੀ.) ਨਾਲ ਰਜਿਸਟਰਡ ਹੋ, ਤਾਂ ਟੀਕਾ ਲਗਵਾਉਣਾ ਸੌਖਾ ਹੈ।ਇਹ ਯਕੀਨੀ ਬਣਾਵੇਗਾ ਕਿ ਤੁਹਾਡੇ ਕੋਲ ਇੱਕ ਐੱਨ.ਐੱਚ.ਐੱਸ (NHS) ਨੰਬਰ ਹੈ ਅਤੇ ਤੁਸੀਂ ਯੋਗ (ਉਮਰ ਜਾਂ ਕਲੀਨਿਕਲ ਸਥਿਤੀ ਦੇ ਅਧਾਰ 'ਤੇ) ਹੋਣ ਵੇਲੇ ਟੀਕਾਕਰਨ ਸੰਬੰਧੀ ਮੁਲਾਕਾਤ ਦਾ ਸਮਾਂ ਤਹਿ ਕਰ ਸਕਦੇ ਹੋ।ਕਿਸੇ ਜੀ.ਪੀ. ਨਾਲ ਰਜਿਸਟਰ ਹੋਣ ਦਾ ਮਤਲਬ ਹੈ ਕਿ ਤੁਸੀਂ ਸਿਹਤ ਅਤੇ ਦੇਖਭਾਲ ਸੰਬੰਧੀ ਹੋਰ ਸੇਵਾਵਾਂ ਵੀ ਪ੍ਰਾਪਤ ਕਰ ਸਕਦੇ ਹੋ।

ਇੱਕ ਜੀ.ਪੀ. ਇੱਕ ਪਰਿਵਾਰਕ ਮੈਡੀਕਲ ਡਾਕਟਰ ਹੁੰਦਾ ਹੈ।ਇੰਗਲੈਂਡ, ਸਕਾਟਲੈਂਡ ਅਤੇ ਵੇਲਜ਼, ਵਿੱਚ ਹਰ ਕੋਈ ਕਿਸੇ ਜੀ.ਪੀ. ਨਾਲ ਰਜਿਸਟਰ ਹੋ ਸਕਦਾ ਹੈ ਅਤੇ ਇਮੀਗ੍ਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਿਨਾਂ, ਮੁੱਢਲੀ ਦੇਖਭਾਲ ਸੰਬੰਧੀ ਸੇਵਾਵਾਂ ਨੂੰ ਮੁਫ਼ਤ ਵਿੱਚ ਪ੍ਰਾਪਤ ਕਰ ਸਕਦਾ ਹੈ।

ਜੇਕਰ ਤੁਸੀਂ ਇਸ ਵੇਲੇ ਕਿਸੇ ਜੀ.ਪੀ. ਨਾਲ ਰਜਿਸਟਰਡ ਨਹੀਂ ਹੋ ਤਾਂ ਤੁਹਾਨੂੰ ਕੋਈ ਸਥਾਨਕ ਜੀ.ਪੀ. ਲੱਭਣਾ ਚਾਹੀਦਾ ਹੈ ਅਤੇ ਹੁਣੇ ਰਜਿਸਟਰ ਹੋਣਾ ਚਾਹੀਦਾ ਹੈ, ਭਾਵੇਂ ਤੁਸੀਂ ਹਾਲੇ ਟੀਕਾ ਲਗਵਾਉਣ ਦੇ ਯੋਗ ਨਹੀਂ ਹੋ।ਤੁਸੀਂ ਇੰਗਲੈਂਡ, ਸਕਾਟਲੈਂਡ ਜਾਂ ਵੇਲਜ਼, ਲਈ ਐੱਨ.ਐੱਸ.ਐੱਸ. (NHS) ਵੈੱਬਸਾਈਟ ਦੀ ਵਰਤੋਂ ਕਰਦੇ ਹੋਏ ਤੁਹਾਡੇ ਰਹਿਣ ਵਾਲੇ ਸਥਾਨ ਦੇ ਨੇੜੇ ਇੱਕ ਜੀ.ਪੀ. ਲੱਭ ਸਕਦੇ ਹੋ ਜਾਂ ਤੁਸੀਂ ਆਪਣੇ ਸਥਾਨਕ ਜੀ.ਪੀ. ਨੂੰ ਟੈਲੀਫ਼ੋਨ ਕਰ ਸਕਦੇ ਹੋ ਅਤੇ ਇੱਕ ਮਰੀਜ਼ ਵਜੋਂ ਰਜਿਸਟਰ ਹੋਣ ਲਈ ਕਹਿ ਸਕਦੇ ਹੋ।

ਜੀ.ਪੀ. ਸਰਜਰੀਜ਼ ਸਿਰਫ਼ ਉਹਨਾਂ ਲੋਕਾਂ ਨੂੰ ਰਜਿਸਟਰ ਕਰ ਸਕਦੀਆਂਹਨ, ਜੋ ਉਹਨਾਂ ਦੇ ਸਥਾਨਕ ਖੇਤਰ ਵਿੱਚ ਰਹਿੰਦੇ ਹਨ।ਜੇਕਰ ਤੁਸੀਂ ਜੀ.ਪੀ. ਸਰਜਰੀ ਦੀ ਸੀਮਾ ਤੋਂ ਬਾਹਰ ਰਹਿੰਦੇ ਹੋ, ਤਾਂ ਤੁਹਾਨੂੰ ਉੱਥੇ ਇੱਕ ਹੋਰ ਜੀ.ਪੀ. ਲੱਭਣ ਦੀ ਜ਼ਰੂਰਤ ਹੋਵੇਗੀ, ਜਿੱਥੇ ਤੁਸੀਂ ਰਹਿੰਦੇ ਹੋ।

ਕਿਸੇ ਜੀ.ਪੀ. ਨਾਲ ਰਜਿਸਟਰ ਹੋਣ ਲਈ ਤੁਹਾਨੂੰ ਇੱਕ ਫਾਰਮ ਭਰਨਾ ਪਵੇਗਾ।ਤੁਸੀਂ ਇਹ ਦੇਖਣ ਲਈ ਜੀ.ਪੀ. ਸਰਜਰੀ ਦੀ ਵੈੱਬਸਾਈਟ ਨੂੰ ਦੇਖ ਸਕਦੇ ਹੋ ਕਿ ਕੀ ਤੁਸੀਂ ਆਨਲਾਈਨ ਰਜਿਸਟਰ ਹੋ ਸਕਦੇ ਹੋ ਜਾਂ ਨਹੀਂ।ਤੁਹਾਨੂੰ ਇੱਕ ਸਥਾਈ ਮਰੀਜ਼ (ਇੱਕ ਅਸਥਾਈ ਮਰੀਜ਼ ਨਹੀਂ) ਵਜੋਂ ਰਜਿਸਟਰ ਕਰਨ ਲਈ ਕਹਿਣਾ ਚਾਹੀਦਾ ਹੈ।ਜੇਕਰ ਤੁਹਾਨੂੰ ਇਸਦੀ ਜਰੂਰਤ ਹੈ, ਤਾਂ ਤੁਸੀਂ ਜੀ.ਪੀ. ਸਰਜਰੀ ਨੂੰ ਫਾਰਮ ਭਰਨ ਵਿੱਚ ਮਦਦ ਕਰਨ ਲਈ ਕਹਿ ਸਕਦੇ ਹੋ।

## ਕੀ ਮੈਨੂੰ ਕਿਸੇ ਜੀ.ਪੀ. ਨਾਲ ਰਜਿਸਟਰ ਹੋਣ ਲਈ ਦਸਤਾਵੇਜ਼ਾਂ ਦੀ ਜ਼ਰੂਰਤ ਹੈ?

ਕੁਝ ਸਰਜਰੀਜ਼, ਰਜਿਸਟਰ ਕਰਨ ਲਈ ਤੁਹਾਨੂੰ ਦਸਤਾਵੇਜ਼ ਪ੍ਰਦਾਨ ਕਰਵਾਉਣ ਲਈ ਕਹਿ ਸਕਦੀਆਂ ਹਨ, ਜਿਵੇਂ ਕਿ ਪਤੇ ਦਾ ਸਬੂਤ, ਪਛਾਣ ਦਾ ਸਬੂਤ ਜਾਂ ਪਰਵਾਸ ਦੀ ਸਥਿਤੀ ਦਾ ਸਬੂਤ, ਜਾਂ ਐੱਨ.ਐੱਚ.ਐੱਸ. (NHS) ਨੰਬਰ, ਪਰ ਜੇਕਰ ਤੁਸੀਂ ਉਨ੍ਹਾਂ ਨੂੰ ਪ੍ਰਦਾਨ ਨਹੀਂ ਕਰਵਾ ਸਕਦੇ, ਤਾਂ ਉਹਨਾਂ ਨੂੰ ਤੁਹਾਨੂੰ ਰਜਿਸਟਰ ਕਰਨ ਤੋਂ ਇਨਕਾਰ ਨਹੀਂ ਕਰਨਾ ਚਾਹੀਦਾ।

ਜੇਕਰ ਤੁਸੀਂ ਇਹ ਦਸਤਾਵੇਜ਼ ਪ੍ਰਦਾਨ ਨਹੀਂ ਕਰਵਾ ਸਕਦੇ, ਤਾਂ ਤੁਹਾਨੂੰ ਇਹ ਕਹਿਣਾ ਚਾਹੀਦਾ ਹੈ ਕਿ ਤੁਹਾਡੇ ਕੋਲ ਇਹ ਦਸਤਾਵੇਜ਼ ਨਹੀਂ ਹਨ, ਪਰ ਤੁਸੀਂ ਅਭਿਆਸ ਦੀ ਸੀਮਾ ਦੇ ਅੰਦਰ ਰਹਿੰਦੇ ਹੋ ਅਤੇ ਜੀ.ਪੀ. ਕੋਲ ਇੱਕ ਮਰੀਜ਼ ਵਜੋਂ ਰਜਿਸਟਰ ਹੋਣਾ ਚਾਹੁੰਦੇ ਹੋ।

ਜੇਕਰ ਤੁਹਾਨੂੰ ਜੀ.ਪੀ. ਨਾਲ ਰਜਿਸਟਰ ਕਰਨ ਵੇਲੇ ਮੁਸ਼ਕਲਾਂ ਦਾ ਅਨੁਭਵ ਹੁੰਦਾ ਹੈ, ਤਾਂ ਹੇਠ ਦਿੱਤੇ ਸਰੋਤ ਤੁਹਾਡੀ ਮਦਦ ਕਰ ਸਕਦੇ ਹਨ।ਜੇਕਰ ਤੁਸੀਂ ਆਨਲਾਈਨ ਰਜਿਸਟਰ ਹੋ ਰਹੇ ਹੋ ਅਤੇ ਤੁਹਾਡੇ ਤੋਂ ਦਸਤਾਵੇਜ਼ਾਂ ਮੰਗੇ ਜਾਂਦੇ ਹੋ, ਤਾਂ ਤੁਸੀਂ ਜੀ.ਪੀ. ਸਰਜਰੀ ਨੂੰ ਸਰੋਤ ਈਮੇਲ ਕਰ ਸਕਦੇ ਹੋ:

- ਐੱਨ.ਐੱਚ.ਐੱਸ. (NHS) ਇੰਗਲੈਂਡਨੇ ਇੰਗਲੈਂਡ ਵਿੱਚ ਕਿਸੇ ਜੀ.ਪੀ. ਨਾਲ ਰਜਿਸਟਰ ਹੋਣ ਲਈ ਬਿਨਾਂ ਦਸਤਾਵੇਜ਼ਾਂ ਵਾਲੇ ਲੋਕਾਂ ਦੀ ਮਦਦ ਕਰਨ ਲਈ ਪੀਲੇ ਕਾਰਡ ਤਿਆਰ ਕੀਤੇ ਜਾਂਦੇ ਹਨ।ਜਦੋਂ ਤੁਸੀਂ ਰਜਿਸਟਰ ਕਰਨ ਜਾਂਦੇ ਹੋ, ਤਾਂ ਤੁਸੀਂ ਜੀ.ਪੀ. ਦੇ ਰਿਸੈਪਸ਼ਨਿਸਟ ਨੂੰ ਕਾਰਡ ਦਿਖਾ ਸਕਦੇ ਹੋ।ਤੁਸੀਂ ਸਥਾਨਕ ਚੈਰਿਟੀਜ, ਫੂਡਬੈਂਕ, ਆਪਣੇ ਸਥਾਨਕ ਹੈਲਥਵਾਚ ਜਾਂ ਵਿਸ਼ਵ ਦੇ ਡਾਕਟਰਾਂ ਤੋਂ ਪੀਲਾ ਕਾਰਡ ਪ੍ਰਾਪਤ ਕਰ ਸਕਦੇ ਹੋ।
- ਸਕਾਟਲੈਂਡ ਦੀ ਸਰਕਾਰਨੇ ਇਹ ਦੱਸਦੇ ਹੋਏ ਸਕਾਟਲੈਂਡ ਦੇ ਜੀ.ਪੀ. ਨੂੰ ਮਾਰਗ-ਦਰਸ਼ਨ ਜਾਰੀ ਕੀਤਾ ਹੈ:"ਜੀ.ਪੀ. ਨਾਲ ਰਜਿਸਟਰ ਹੋਣ ਲਈ ਕਿਸੇ ਦਸਤਾਵੇਜ਼ ਦੀ ਜਰੂਰਤ ਨਹੀਂ ਹੈ।ਕਿਸੇ ਮਰੀਜ਼ ਦੁਆਰਾ ਪਛਾਣ ਜਾਂ ਪਤੇ ਦਾ ਸਬੂਤ ਪ੍ਰਦਾਨ ਕਰਵਾਉਣ ਵਿੱਚ ਅਸਮਰੱਥਾ ਨੂੰ ਕਿਸੇ ਮਰੀਜ਼ ਨੂੰ ਰਜਿਸਟਰ ਕਰਨ ਤੋਂ ਇਨਕਾਰ ਕਰਨ ਜਾਂ ਦੇਰੀ ਕਰਨ ਲਈ ਵਾਜਬ ਅਧਾਰ ਨਹੀਂ ਮੰਨਿਆ ਜਾਂਦਾ ਹੈ।"
- ਬ੍ਰਿਟਿਸ਼ ਮੈਡੀਕਲ ਐਸੋਸੀਏਸ਼ਨ ਦੇਇੰਗਲੈਂਡ, ਸਕਾਟਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ ਦੇ ਡਾਕਟਰਾਂ ਲਈ ਮਾਰਗ-ਦਰਸ਼ਨਵਿੱਚ ਕਿਹਾ ਗਿਆ ਹੈ ਕਿ "ਜੇਕਰ ਕੋਈ ਮਰੀਜ਼, ਪਛਾਣ ਦੇ ਦਸਤਾਵੇਜ਼ ਪ੍ਰਦਾਨ ਕਰਵਾਉਣ ਦੇ ਯੋਗ ਨਹੀਂ ਹੈ, ਤਾਂ ਉਨ੍ਹਾਂ ਨੂੰ ਰਜਿਸਟਰ ਕਰਨ ਤੋਂ ਇਨਕਾਰ ਕਰਨਾ ਉੱਚਿਤ ਗੱਲ ਨਹੀਂ ਹੈ।"

ਜੇਕਰ ਕਿਸੇ ਜੀ.ਪੀ. ਅਭਿਆਸ ਨੇ ਤੁਹਾਨੂੰ ਰਜਿਸਟਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਤਾਂ ਇੰਗਲੈਂਡ ਦੇ ਮਰੀਜ਼ 0300 311 2233 'ਤੇ ਕਾਲ ਕਰ ਸਕਦੇ ਹਨ।ਸਕਾਟਲੈਂਡ ਅਤੇ ਵੇਲਜ਼ ਦੇ ਮਰੀਜ਼ਾਂ ਨੂੰ ਤੁਹਾਡੇ ਸਥਾਨਕ ਹੈਲਥ ਬੋਰਡ ਨਾਲ ਸੰਪਰਕ ਕਰਨਾ ਚਾਹੀਦਾ ਹੈ।ਕਿਸੇ ਜੀ.ਪੀ. ਨਾਲ ਰਜਿਸਟਰ ਹੋਣ ਵਿੱਚ ਮਦਦ ਲਈ ਮਰੀਜ਼ 0808 1647 686 (ਮੁਫ਼ਤ ਫੋਨ ਨੰਬਰ) 'ਤੇ ਵੀ ਵਿਸ਼ਵ ਦੇ ਡਾਕਟਰਾਂ ਨਾਲ ਸੰਪਰਕ ਕਰ ਸਕਦੇ ਹਨ।

## ਜੇਕਰ ਤੁਸੀਂ ਬੇਘਰ ਹੋ

ਜੇਕਰ ਤੁਹਾਡੇ ਕੋਲ ਕੋਈ ਸਥਾਈ (ਪੱਕੀ) ਪਤਾ ਨਹੀਂ ਹੈ, ਤਾਂ ਤੁਸੀਂ ਕਿਸੇ ਜੀ.ਪੀ. ਨਾਲ ਰਜਿਸਟਰ ਕਰ ਸਕਦੇ ਹੋ।ਤੁਹਾਨੂੰ ਜੀ.ਪੀ. ਅਭਿਆਸ ਨੂੰ ਇਹ ਸਮਝਾਉਣਾ ਚਾਹੀਦਾ ਹੈ ਕਿ ਤੁਹਾਡੇ ਕੋਲ ਕੋਈ ਸਥਾਈ (ਪੱਕਾ) ਪਤਾ ਨਹੀਂ ਹੈ, ਪਰ ਤੁਸੀਂ ਸਥਾਨਕ ਖੇਤਰ ਵਿੱਚ ਰਹਿ ਰਹੇ ਹੋ ਅਤੇ ਇੱਕ ਮਰੀਜ਼ ਵਜੋਂ ਰਜਿਸਟਰ ਹੋਣਾ ਚਾਹੁੰਦੇ ਹੋ।ਤੁਸੀਂ ਇੱਕ ਅਸਥਾਈ ਪਤੇ ਦੀ ਵਰਤੋਂ ਕਰ ਸਕਦੇ ਹੋ, ਜੋ ਕਿਸੇ ਦੋਸਤ ਦਾ ਪਤਾ ਜਾਂ ਇੱਕ ਡੇਅ ਸੈਂਟਰ ਹੋ ਸਕਦਾ ਹੈ, ਜਾਂ ਅਭਿਆਸ ਬਿਨਾਂ ਕਿਸੇ ਪਤੇ ਦੇ ਤੁਹਾਨੂੰ ਰਜਿਸਟਰ ਕਰ ਸਕਦਾ ਹੈ।

ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜੇਕਰ ਜੀ.ਪੀ. ਨੂੰ ਲੋੜ ਪਵੇ, ਤਾਂ ਉਹਨਾਂ ਕੋਲ ਤੁਹਾਡੇ ਨਾਲ ਟੈਲੀਫ਼ੋਨ ਰਾਹੀਂ ਸੰਪਰਕ ਕਰਨ ਦਾ ਇੱਕ ਤਰੀਕਾ ਹੈ (ਉਦਾਹਰਣ ਲਈ, ਟੈਸਟ ਦੇ ਨਤੀਜਿਆਂ ਨਾਲ)।

## ਜੇਕਰ ਤੁਸੀਂ ਪਨਾਹ (ਸ਼ਰਨ) ਲੈਣ ਵਾਲਿਆਂ ਦੀ ਰਿਹਾਇਸ਼ ਵਿੱਚ ਰਹਿ ਰਹੇ ਹੋ

ਜੇਕਰ ਤੁਸੀਂ ਗ੍ਰਹਿ ਦਫ਼ਤਰ ਦੀ ਰਿਹਾਇਸ਼ ਵਿੱਚ ਜਾਂ ਇੱਕ ਫੁਟਕਲ ਖ਼ਰਚ ਵਾਲੀ ਰਿਹਾਇਸ਼ ਜਿਵੇਂ ਕਿ ਇੱਕ ਹੋਟਲ ਵਿੱਚ ਪਨਾਹ (ਸ਼ਰਨ) ਲੈਣ ਵਾਲੇ ਹੋ, ਤਾਂ ਤੁਹਾਨੂੰ ਕਿਸੇ ਜੀ.ਪੀ. ਨਾਲ ਰਜਿਸਟਰ ਹੋਣ ਵੇਲੇ ਇਸ ਰਿਹਾਇਸ਼ ਦਾ ਪਤੇ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਇਹ ਕਹਿਣਾ ਚਾਹੀਦਾ ਹੈ ਕਿ ਤੁਹਾਡੇ ਕੋਲ ਪਤੇ ਦੇ ਦਸਤਾਵੇਜ਼ ਨਹੀਂ ਹਨ ਕਿਉਂਕਿ ਤੁਸੀਂ ਗ੍ਰਹਿ ਦਫ਼ਤਰ ਦੁਆਰਾ ਪ੍ਰਦੀਨ ਕੀਤੀ ਗਈ ਪਨਾਹ (ਸ਼ਰਣ) ਸੰਬੰਧੀ ਰਿਹਾਇਸ਼ ਵਿੱਚ ਹੋ।ਜੇਕਰ ਕੋਈ ਜੀ.ਪੀ. ਤੁਹਾਨੂੰ ਰਜਿਸਟਰ ਕਰਨ ਤੋਂ ਇਨਕਾਰ ਕਰਦਾ ਹੈ, ਤਾਂ ਤੁਹਾਨੂੰ ਆਪਣੇ ਰਿਹਾਇਸ਼ੀ ਪ੍ਰਦਾਤਾ ਜਾਂ ਪ੍ਰਵਾਸੀ ਸਹਾਇਤਾ ਨਾਲ 0808 8010 503 (ਮੁਫ਼ਤ ਫ਼ੋਨ ਨੰਬਰ) 'ਤੇ ਗੱਲਬਾਤ ਕਰਨੀ ਚਾਹੀਦੀ ਹੈ।

ਜੇਕਰ ਤੁਹਾਨੂੰ ਪਤਾ ਲੱਗਦਾ ਹੈ ਕਿ ਗ੍ਰਹਿ ਦਫ਼ਤਰ ਤੁਹਾਨੂੰ ਨਵੀਂ ਰਿਹਾਇਸ਼ 'ਤੇ ਮੂਵ ਕਰਨ ਜਾ ਰਿਹਾ ਹੈ, ਤਾਂ ਤੁਹਾਨੂੰ ਮੂਵ ਹੋਣ ਤੱਕ ਕੋਵਿਡ-19 ਦਾ ਟੀਕਾ ਲਗਵਾਉਣ ਵਿੱਚ ਦੇਰੀ ਨਹੀਂ ਕਰਨੀ ਚਾਹੀਦੀ।ਤੁਸੀਂ ਆਪਣੀ ਨਵੀਂ ਰਿਹਾਇਸ਼ ਦੇ ਨਜ਼ਦੀਕ ਟੀਕਾਕਰਨ ਕੇਂਦਰ ਵਿਖੇ ਟੀਕੇ ਦੀ ਦੂਜੀ ਖੁਰਾਕ ਪ੍ਰਾਪਤ ਕਰ ਸਕਦੇ ਹੋ।

ਤੁਹਾਨੂੰ ਆਪਣੀ ਪਹਿਲੀ ਟੀਕਾਕਰਨ ਮੁਲਾਕਾਤ ਵੇਲੇ ਦਿੱਤੇ ਗਏ ਛੋਟੇ ਕਾਰਡ ਦੀ ਦੇਖਭਾਲ ਕਰਨੀ ਚਾਹੀਦੀ ਹੈ ਅਤੇ ਆਪਣੀ ਦੂਜੀ ਮੁਲਾਕਾਤ 'ਤੇ ਇਸਨੂੰ ਨਾਲ ਲਿਜਾਣਾ ਚਾਹੀਦਾ ਹੈ, ਤਾਂ ਜੋ ਟੀਕਾਕਰਨ ਕੇਂਦਰ ਇਹ ਯਕੀਨੀ ਬਣਾ ਸਕੇ ਕਿ ਤੁਹਾਨੂੰ ਸਹੀ ਕਿਸਮ ਦੀ ਟੀਕਾ ਲੱਗਿਆ ਹੈ।

## ਟੀਕਾਕਰਨ ਸੰਬੰਧੀ ਮੁਲਾਕਾਤ ਦੀ ਬੁਕਿੰਗ

### ਇੰਗਲੈਂਡ

ਜੇਕਰ ਤੁਸੀਂ ਹੇਠ ਲਿਖੀਆਂ ਵਿੱਚੋਂ ਕਿਸੇ ਦੇ ਵੀ ਲਾਗੂ ਹੋਣ 'ਤੇ ਤੁਸੀਂ ਆਪਣੀਆਂ ਟੀਕਾਕਰਨ ਸੰਬੰਧੀ ਮੁਲਾਕਾਤਾਂ ਨੂੰ ਆਨਲਾਈਨ ਬੁੱਕ ਕਰ ਸਕਦੇ ਹੋ:

- ਤੁਹਾਡੀ ਉਮਰ 55 ਸਾਲ ਜਾਂ ਇਸਤੋਂ ਵੱਧ ਹੈ
- ਤੁਹਾਨੂੰ ਕਰੋਨਾਵਾਇਰਸ ਦਾ ਵਧੇਰੇ ਜੋਖ਼ਮ ਹੈ (ਜਿੰਨ੍ਹਾਂ ਲੋਕਾਂ ਨੂੰ ਲੰਮੇ ਸਮੇਂ ਤੋਂ ਸਿਹਤ ਦੀਆਂ ਸਮੱਸਿਆਵਾਂ ਹਨ)
- ਤੁਹਾਨੂੰ ਮੌਜੂਦਾ ਮੈਡੀਕਲ ਸਮੱਸਿਆਵਾਂ (ਜਿਵੇਂ ਕਿ COPD, ਦਮਾ, ਦਿਲ ਦੀਆਂ ਬਿਮਾਰੀਆਂ, ਗੁਰਦੇ ਜਾਂ ਜਿਗਰ ਦੀ ਬਿਮਾਰੀ, ਸ਼ੂਗਰ ਅਤੇ ਲੰਮੇ ਸਮੇਂ ਦੀਆਂ ਹੋਰ ਸਿਹਤ ਸਮੱਸਿਆਵਾਂ) ਕਾਰਨ ਕੋਰੋਨਾਵਾਇਰਸ ਤੋਂ ਜਟਿਲਤਾਵਾਂ ਦਾ ਵਧੇਰੇ ਜੋਖ਼ਮ ਹੈ।
- ਤੁਸੀਂ ਇੱਕ ਯੋਗ ਫਰੰਟਲਾਈਨ ਹੈਲਥ ਵਰਕਰ ਹੋ
- ਤੁਸੀਂ ਇੱਕ ਯੋਗ ਫਰੰਟਲਾਈਨ ਸੋਸ਼ਲ ਕੇਅਰ ਵਰਕਰ ਹੋ
- ਤੁਹਾਡੀ ਸਿੱਖਣ ਦੀ ਅਯੋਗਤਾ ਹੈ

- ਤੁਸੀਂ ਦੇਖਭਾਲ ਸੰਬੰਧੀ ਭੱਤੇ ਲਈ ਯੋਗ ਹੋ

ਤੁਸੀਂ ਕਿਸੇ ਵੱਡੇ ਟੀਕਾਕਰਨ ਕੇਂਦਰ ਜਾਂ ਕਿਸੇ ਫਾਰਮੇਸੀ ਵਿਖੇ ਮੁਲਾਕਾਤਾਂ ਬੁੱਕ ਕਰ ਸਕਦੇ ਹੋ, ਜੋ ਕੋਵਿਡ-19 ਦੇ ਟੀਕੇ ਪ੍ਰਦਾਨ ਕਰਦੇ ਹਨ।ਤੁਹਾਨੂੰ ਐੱਨ.ਐੱਚ.ਐੱਸ. (NHS) ਦੁਆਰਾ ਸੰਪਰਕ ਕੀਤੇ ਜਾਣ ਲਈ ਉਡੀਕ ਕਰਨ ਦੀ ਜ਼ਰੂਰਤ ਨਹੀਂ ਹੈ।।

ਤੁਸੀਂ ਆਪਣੀ ਕੋਵਿਡ-19 ਦੇ ਟੀਕਾਕਰਨ ਸੰਬੰਧੀ ਮੁਲਾਕਾਤ ਨੂੰ ਆਨਲਾਈਨ ਬੁੱਕ ਕਰ ਸਕਦੇ ਹੋ।

## ਸਕਾਟਲੈਂਡ

ਤੁਸੀਂ ਆਪਣੇ ਮੁਲਾਕਾਤ ਦੇ ਵੇਰਵਿਆਂ ਨਾਲ ਇੱਕ ਸੱਦਾ ਪੱਤਰ ਜਾਂ ਫ਼ੋਨ ਕਾਲ ਪ੍ਰਾਪਤ ਕਰੋਗੇ।ਜੇਕਰ ਤੁਸੀਂ ਮੁਲਾਕਾਤ ਵਿੱਚ ਸ਼ਾਮਲ ਹੋਣ ਜਾ ਰਹੇ ਹੋ, ਤਾਂ ਤੁਹਾਨੂੰ ਇਸ ਗੱਲ ਦੀ ਪੁਸ਼ਟੀ ਕਰਨ ਲਈ ਕੁਝ ਵੀ ਕਰਨ ਦੀ ਜ਼ਰੂਰਤ ਨਹੀਂ ਹੈ ਕਿ ਤੁਸੀਂ ਮੁਲਾਕਾਤ ਵਿੱਚ ਸ਼ਾਮਲ ਹੋਣ ਜਾ ਰਹੇ ਹੋ।ਜੇਕਰ ਤੁਸੀਂ ਮੁਲਾਕਾਤ ਵਿੱਚ ਸ਼ਾਮਲ ਨਹੀਂ ਹੋ ਸਕਦੇ, ਤਾਂ ਤੁਸੀਂ ਆਪਣੀ ਮੁਲਾਕਾਤ ਦਾ ਸਮਾਂ ਦੁਬਾਰਾ ਤਹਿ ਕਰ ਸਕਦੇ ਹੋ ਜਾਂ ਇਸਨੂੰ ਰੱਦ ਕਰ ਸਕਦੇ ਹੋ, ਤਾਂ ਜੋ ਤੁਹਾਡੀ ਮੁਲਾਕਾਤ ਦਾ ਸਮਾਂ ਕਿਸੇ ਹੋਰ ਨੂੰ ਦਿੱਤਾ ਜਾ ਸਕੇ।

## ਵੇਲਜ਼

ਜਦੋਂ ਤੁਹਾਡੀ ਟੀਕਾ ਲਗਵਾਉਣ ਦੀ ਵਾਰੀ ਹੁੰਦੀ ਹੈ, ਤਾਂ ਤੁਹਾਡੇ ਨਾਲ ਐੱਨ.ਐੱਚ.ਐੱਸ. (NHS) ਦੁਆਰਾ ਸਿੱਧੇ ਤੌਰ 'ਤੇ ਨਾਲ ਸੰਪਰਕ ਕੀਤਾ ਜਾਵੇਗਾ।ਤੁਹਾਡੇ ਨਾਲ ਟੈਲੀਫ਼ੋਨ ਜਾਂ ਪੱਤਰ ਦੁਆਰਾ ਸੰਪਰਕ ਕੀਤਾ ਜਾ ਸਕਦਾ ਹੈ।

# ਜੇਕਰ ਮੈਨੂੰ ਟੀਕਾ ਲੱਗੇਗਾ, ਤਾਂ ਕੀ ਮੈਨੂੰ ਗ੍ਰਹਿ ਦਫ਼ਤਰ ਵਿੱਚ ਸੂਚਿਤ ਕੀਤਾ ਜਾਵੇਗਾ?

ਗ੍ਰਹਿ ਦਫ਼ਤਰ ਇਮੀਗ੍ਰੇਸ਼ਨ ਵਿਭਾਗ ਨਾਲ ਉਦੋਂ ਤੱਕ ਤੁਹਾਡੀ ਜਾਣਕਾਰੀ ਸਾਂਝੀ ਨਹੀਂ ਕੀਤੀ ਜਾਵੇਗੀ, ਜਦੋਂ ਤੁਸੀਂ ਕਿਸੇ ਐੱਨ.ਐੱਚ.ਐੱਸ. (NHS) ਸੇਵਾ ਦੀ ਵਰਤੋਂ ਕਰਦੇ ਹੋ, ਜੋ ਇਮੀਗ੍ਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਿਨਾਂ, ਹਰੇਕ ਲਈ ਮੁਫ਼ਤ ਵਿੱਚ ਉਪਲਬਧ ਹੈ।ਇਸ ਵਿੱਚ ਜੀ.ਪੀ. ਸੇਵਾਵਾਂ ਅਤੇ ਕੋਵੀਡ-19 ਦੀ ਟੈਸਟਿੰਗ, ਇਲਾਜ ਅਤੇ ਟੀਕਾਕਰਨ ਸੰਬੰਧੀ ਸੇਵਾਵਾਂ ਸ਼ਾਮਲ ਹਨ।
ਜਦੋਂ ਤੁਸੀਂ ਕਿਸੇ ਜੀ.ਪੀ. ਨਾਲ ਰਜਿਸਟਰ ਹੁੰਦੇ ਹੋ ਜਾਂ ਕੋਵੀਡ-19 ਟੀਕਾਕਰਨ ਸੰਬੰਧੀ ਇੱਕ ਮੁਲਾਕਾਤ ਨੂੰ ਬੁੱਕ ਕਰਦੇ ਹੋ, ਤਾਂ ਆਪਣੀ ਇਮੀਗ੍ਰੇਸ਼ਨ ਸਥਿਤੀ ਨੂੰ ਸਾਬਤ ਕਰਨ ਲਈ ਨਹੀਂ ਕਿਹਾ ਜਾ ਸਕਦਾ।

ਕੁਝ ਐੱਨ.ਐੱਚ.ਐੱਸ. (NHS) ਹਸਪਤਾਲ ਅਤੇ ਭਾਈਚਾਰਕ ਸੇਵਾਵਾਂ ਕੋਰੋਨਵਾਇਰਸ ਲਈ ਟੈਸਟਿੰਗ, ਇਲਾਜ ਜਾਂ ਟੀਕਾਕਰਨ ਨਾਲ ਸੰਬੰਧਤ ਨਹੀਂ, ਨਿਯਮਤ ਤੌਰ 'ਤੇ ਇਮੀਗ੍ਰੇਸ਼ਨ ਸਥਿਤੀ ਤੋਂ ਬਿਨਾਂ ਲੋਕਾਂ ਲਈ ਮੁਫ਼ਤ ਵਿੱਚ ਉਪਲਬਧ ਨਹੀਂ ਹਨ।ਇਹ ਸੇਵਾਵਾਂ ਤੁਹਾਡੇ ਬਾਰੇ ਜਾਣਕਾਰੀ, ਜਿਵੇਂ ਕਿ ਨਾਮ, ਪਤਾ ਅਤੇ ਜਨਮ ਮਿਤੀ, ਗ੍ਰਹਿ ਦਫ਼ਤਰ ਇਮੀਗ੍ਰੇਸ਼ਨ ਵਿਭਾਗ ਨਾਲ ਸਾਂਝੀਆਂ ਕਰ ਸਕਦੀਆਂ ਹਨ।ਇਹ ਤੁਹਾਡੀ ਮੌਜੂਦਾ ਇਮੀਗ੍ਰੇਸ਼ਨ ਸਥਿਤੀ ਦੀ ਪੁਸ਼ਟੀ ਕਰਨ ਜਾਂ ਗੈਰ-ਭੁਗਤਾਨਸ਼ੁਦਾ ਹੈਲਥ-ਕੇਅਰ ਦੇ ਖਰਚਿਆਂ ਦੀ ਰਿਪੋਰਟ ਕਰਨ ਲਈ ਹੈ।ਤੁਹਾਡੀ ਸਿਹਤ ਬਾਰੇ ਜਾਣਕਾਰੀ ਸਾਂਝੀ ਨਹੀਂ ਕੀਤੀ ਜਾਵੇਗੀ।
ਅਜਿਹੀਆਂ ਸਥਿਤੀਆਂ ਵਿੱਚ ਜਿੱਥੇ ਵਿਅਕਤੀਆਂ ਜਾਂ ਜਨਤਾ ਲਈ ਸੁਰੱਖਿਆ ਦੀਆਂ ਚਿੰਤਾਵਾਂ ਹੋਣ, ਐੱਨ.ਐੱਚ.ਐੱਸ. (NHS) ਸੇਵਾਵਾਂ ਨੂੰ ਪੁਲਿਸ, ਅਦਾਲਤਾਂ ਅਤੇ ਸਰਕਾਰੀ ਵਿਭਾਗਾਂ ਨਾਲ ਮਰੀਜ਼ਾਂ ਦੀ ਜਾਣਕਾਰੀ ਸਾਂਝੀ ਕਰਨ ਦੀ ਲੋੜ ਹੋ ਸਕਦੀ ਹੈ।

## ਕੋਵਿਡ-19 ਦੇ ਟੀਕੇ ਕਿਵੇਂ ਸੁਰੱਖਿਅਤ ਹਨ?

ਯੂ.ਕੇ. ਵਿੱਚ ਵਰਤਣ ਲਈ ਮਨਜ਼ੂਰਸ਼ੁਦਾ ਟੀਕਿਆਂ ਨੇ ਸੁਤੰਤਰ ਦਵਾਈਆਂ ਅਤੇ ਹੈਲਥ-ਕੇਅਰ ਉਤਪਾਦਾਂ ਰੈਗੂਲੇਟਰੀ ਏਜੰਸੀ (MHRA) ਦੁਆਰਾ ਨਿਰਧਾਰਤ ਸੁਰੱਖਿਆ, ਗੁਣਵੱਤਾ ਅਤੇ ਪ੍ਰਭਾਵਸ਼ੀਲਤਾ ਦੇ ਸਖਤ ਮਾਪਦੰਡਾਂ ਨੂੰ ਪੂਰਾ ਕੀਤਾ ਹੈ।

ਕੋਰੋਨਵਾਇਰਸ ਦੇ ਕਿਸੇ ਵੀ ਮਨਜ਼ੂਰਸ਼ੁਦਾ ਟੀਕੇ ਨੂੰ ਲਾਜ਼ਮੀ ਤੌਰ 'ਤੇ ਸਾਰੇ ਕਲੀਨਿਕਲ ਟ੍ਰਾਇਲਾਂ ਵਿੱਚੋਂ ਗੁਜ਼ਰਨਾ ਚਾਹੀਦਾ ਹੈ ਅਤੇ ਸੁਰੱਖਿਆ ਜਾਂਚਾਂ ਨੂੰ ਸਾਰੀਆਂ ਲਾਇਸੰਸਸ਼ੁਦਾ ਦਵਾਈਆਂ ਰਾਹੀਂ ਗੁਜ਼ਰਨਾ ਚਾਹੀਦਾ ਹੈ।ਐੱਮ.ਐੱਚ.ਆਰ.ਏ. (MHRA) ਸੁਰੱਖਿਆ ਦੇ ਅੰਤਰਰਾਸ਼ਟਰੀ ਮਾਪਦੰਡਾਂ ਦੀ ਪਾਲਣਾ ਕਰਦਾ ਹੈ।
ਦੁਨੀਆ ਭਰ ਦੇ 15,000 ਤੋਂ 50,000 ਲੋਕਾਂ ਵਿਚਕਾਰ ਸਾਰੇ ਟੀਕਿਆਂ ਦੀ ਜਾਂਚ ਕੀਤੀ ਗਈ ਹੈ।ਉਹਨਾਂ ਦੀ ਜਾਂਚ ਮਰਦ ਅਤੇ ਔਰਤਾਂ ਦੋਵਾਂ, ਵੱਖ-ਵੱਖ ਨਸਲੀ ਪਿਛੋਕੜ ਵਾਲੇ ਲੋਕਾਂ ਅਤੇ 18-84 ਵਿਚਕਾਰ ਹਰ ਉਮਰ ਦੇ ਲੋਕਾਂ 'ਤੇ ਕੀਤੀ ਜਾਂਦੀ ਹੈ।ਟੀਕੇ ਲਗਾਉਣ ਦੌਰਾਨ ਇਹ ਦੇਖਣ ਲਈ ਵੀ ਅਧਿਐਨ ਜਾਰੀ ਰਹੇਗਾ ਕਿ ਉਹ ਲਾਗ ਨੂੰ ਰੋਕਣ ਜਾਂ ਵਿਸ਼ਾਣੂ ਨੂੰ ਦੂਜਿਆਂ ਤੱਕ ਪਹੁੰਚਾਉਣ ਅਤੇ ਬੱਚਿਆਂ ਲਈ ਉਹਨਾਂ ਦੀ ਵਰਤੋਂ ਨੂੰ ਵਧਾਉਣ ਲਈ ਕਿੰਨੇ ਪ੍ਰਭਾਵਸ਼ਾਲੀ ਹਨ।
ਹੁਣ ਤੱਕ, ਲੱਖਾਂ ਲੋਕਾਂ ਨੂੰ ਕੋਵਿਡ-19 ਦਾ ਟੀਕਾ ਲਗਾਇਆ ਜਾ ਚੁੱਕਾ ਹੈ ਅਤੇ ਗੰਭੀਰ ਮਾੜੇ ਪ੍ਰਭਾਵਾਂ, ਜਿਵੇਂ ਕਿ ਐਲਰਜੀ ਸੰਬੰਧੀ ਪ੍ਰਤੀਕਿਰਿਆ, ਦੀਆਂ ਰਿਪੋਰਟਾਂ ਬਹੁਤ ਘੱਟ ਮਿਲੀਆਂ ਹਨ।ਲੰਮੇ ਸਮੇਂ ਦੀਆਂ ਜਟਿਲਤਾਵਾਂ ਦੀ ਰਿਪੋਰਟ ਨਹੀਂ ਕੀਤੀ ਗਈ।

ਯੂ.ਕੇ. ਵਿੱਚ ਮਨਜ਼ੂਰ ਟੀਕਿਆਂ ਬਾਰੇ ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਦੇਖੋ:

- GOV.UK:Pfizer/BioNTech vaccine for COVID-19 approved by MHRA (English only)
- GOV.UK:Oxford/AstraZeneca vaccine for COVID-19 approved by MHRA (English only)
- GOV.UK:Moderna vaccine for COVID-19 approved by MHRA (English only)

## ਕੋਵਿਡ-19 ਦਾ ਟੀਕਾ ਕਿਵੇਂ ਪ੍ਰਭਾਵਸ਼ਾਲੀ ਹੈ?

ਕੋਵੀਡ-19 ਦੇ ਕਿਸੇ ਵੀ ਟੀਕੇ ਦੀ ਪਹਿਲੀ ਖੁਰਾਕ ਤੁਹਾਨੂੰ ਕੋਰੋਨਵਾਇਰਸ ਤੋਂ ਚੰਗੀ ਸੁਰੱਖਿਆ ਦੇ ਸਕਦੀ ਹੈ।ਪਰ ਤੁਹਾਨੂੰ ਲੰਮੇ ਸਮੇਂ ਦੀ ਸੁਰੱਖਿਆ ਪ੍ਰਦਾਨ ਕਰਨ ਲਈ ਤੁਹਾਨੂੰ ਟੀਕੇ ਦੀਆਂ ਦੋ ਖੁਰਾਕਾਂ ਦੀ ਜ਼ਰੂਰਤ ਹੈ।ਇੱਕ ਅਜਿਹਾ ਮੌਕਾ ਹੈ ਕਿ ਭਾਵੇਂ ਤੁਸੀਂ ਟੀਕਾ ਲਗਵਾਇਆ ਹੈ, ਫਿਰ ਵੀ ਤੁਹਾਨੂੰ ਕੋਰੋਨਵਾਇਰਸ ਹੋ ਸਕਦਾ ਹੈ ਜਾਂ ਫੈਲ ਸਕਦਾ ਹੈ।ਇਸਦਾ ਮਤਲਬ ਇਹ ਹੈ ਕਿ ਇਹ ਮਹੱਤਵਪੂਰਨ ਹੈ:

- ਸਮਾਜਿਕ ਦੂਰੀਆਂ ਸੰਬੰਧੀ ਮਾਰਗ-ਦਰਸ਼ਨ ਦੀ ਪਾਲਣਾ ਕਰਨਾ ਜਾਰੀ ਰੱਖੋ
- ਜੇਕਰ ਤੁਸੀਂ ਕੋਈ ਅਜਿਹੀ ਚੀਜ਼ ਪਹਿਨ ਸਕਦੇ ਹੋ, ਜੋ ਤੁਹਾਡੇ ਨੱਕ ਅਤੇ ਮੂੰਹ ਨੂੰ ਉਨ੍ਹਾਂ ਸਥਾਨਾਂ 'ਤੇ ਕਵਰ ਕਰਦੀ ਹੈ, ਜਿੱਥੇ ਦੂਜੇ ਲੋਕਾਂ ਤੋਂ ਦੂਰ ਰਹਿਣਾ ਮੁਸ਼ਕਲ ਹੁੰਦਾ ਹੈ

## ਕੋਵਿਡ-19 ਦੇ ਟੀਕਾ ਦੇ ਮਾੜੇ ਪ੍ਰਭਾਵ

ਕੋਵੀਡ-19 ਦੇ ਟੀਕੇ ਦੇ ਜ਼ਿਆਦਾਤਰ ਮਾੜੇ ਪ੍ਰਭਾਵ ਹਲਕੇ ਹੁੰਦੇ ਹਨ ਅਤੇ 2-3 ਦਿਨਾਂ ਤੋਂ ਜ਼ਿਆਦਾ ਸਮਾਂ ਨਹੀਂ ਰਹਿਣੇ ਚਾਹੀਦੇ, ਜਿਵੇਂ ਕਿ:

- ਬਾਂਹ 'ਤੇ ਸੂਈ ਲੱਗਣ ਵਾਲੇ ਸਥਾਨ 'ਤੇ ਜ਼ਖ਼ਮ
- ਥਕਾਵਟ ਮਹਿਸੂਸ ਕਰਨਾ
- ਸਿਰ ਦਰਦ
- ਦਰਦ ਮਹਿਸੂਸ ਹੋਣਾ
- ਬਿਮਾਰ ਮਹਿਸੂਸ ਹੋਣਾ ਜਾਂ ਬਿਮਾਰ ਹੋਣਾ
- ਗਰਮੀ ਜਾਂ ਬੁਖ਼ਾਰ

ਜੇਕਰ ਤੁਹਾਨੂੰ ਲੋੜ ਪਵੇ, ਤਾਂ ਤੁਸੀਂ ਦਰਦ-ਨਿਵਾਰਕ ਦਵਾਈ ਲੈ ਸਕਦੇ ਹੋ, ਜਿਵੇਂ ਕਿ ਪੈਰਾਸੀਟਾਮੋਲ।

ਜੇਕਰ ਤੁਹਾਡਾ ਤਾਪਮਾਨ ਵੱਧ ਹੈ, ਜੋ 48 ਘੰਟਿਆਂ ਤੋਂ ਵੱਧ ਸਮੇਂ ਲਈ ਰਹਿੰਦਾ ਹੈ, ਤਾਂ ਤੁਹਾਨੂੰ ਕੋਰੋਨਵਾਇਰਸ ਜਾਂ ਕੋਈ ਹੋਰ ਲਾਗ ਹੋ ਸਕਦੀ ਹੈ।ਖੰਘ ਅਤੇ ਸੁਗੰਧ ਜਾਂ ਸੁਆਦ ਦਾ ਨੁਕਸਾਨ, ਟੀਕੇ ਦੇ ਮਾੜਾ ਪ੍ਰਭਾਵ ਕਾਰਨ ਨਹੀਂ ਹੁੰਦਾ ਹੈ, ਇਸ ਲਈ ਜੇਕਰ ਤੁਹਾਡੇ ਅੰਦਰ ਇਹ ਲੱਛਣ ਵਿਕਸਤ ਹੋ ਰਹੇ ਹਨ, ਤਾਂ ਤੁਹਾਨੂੰ ਆਨਲਾਈਨ ਜਾ ਕੇ ਕੋਰੋਨਾਵਾਇਰਸ ਲਈ ਇੱਕ ਟੈਸਟ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਜੇਕਰ ਤੁਹਾਡੇ ਲੱਛਣ ਵਿਗੜ ਜਾਂਦੇ ਹਨ, 48 ਘੰਟਿਆਂ ਤੋਂ ਵੱਧ ਸਮੇਂ ਲਈ ਰਹਿੰਦੇ ਹਨ ਜਾਂ ਤੁਸੀਂ ਚਿੰਤਤ ਹੋ, ਤਾਂ ਆਪਣੇ ਜੀ.ਪੀ. ਨੂੰ ਸਵੇਰੇ 8 ਵਜੇ ਤੋਂ ਸ਼ਾਮ 6.30 ਵਜੇ ਜਾਂ ਕਿਸੇ ਹੋਰ ਸਮੇਂ 111 'ਤੇ ਕਾਲ ਕਰੋ (ਇਹ ਕਾਲ ਕਰਨ ਲਈ ਇੱਕ ਮੁਫ਼ਤ ਨੰਬਰ ਹੈ)।ਤੁਸੀਂ ਸਾਰੇ ਸਵਾਲਾਂ ਲਈ ਵਾਰ-ਵਾਰ "**yes**" ਦਾ ਜਵਾਬ ਦੇ ਕੇ ਆਪਣੀ ਭਾਸ਼ਾ ਵਿੱਚ ਇੱਕ ਦੁਭਾਸ਼ੀਆ ਪ੍ਰਾਪਤ ਕਰ ਸਕਦੇ ਹੋ।

## ਐਲਰਜੀ ਸੰਬੰਧੀ ਪ੍ਰਤੀਕਿਰਿਆਵਾਂ

ਜੇਕਰ ਤੁਹਾਨੂੰ ਕਦੇ ਐਲਰਜੀ ਸੰਬੰਧੀ ਗੰਭੀਰ ਪ੍ਰਤੀਕਿਰਿਆ ਹੋਈ ਹੈ, ਤਾਂ ਟੀਕਾਕਰਨ ਤੋਂ ਪਹਿਲਾਂ ਹੈਲਥ-ਕੇਅਰ ਸਟਾਫ਼ ਨੂੰ ਦੱਸੋ।ਜੇਕਰ ਤੁਹਾਡੇ ਅੰਦਰ ਕਦੇ ਕੋਈ ਗੰਭੀਰ ਐਲਰਜੀ ਸੰਬੰਧੀ ਪ੍ਰਤੀਕਿਰਿਆ (ਐਨਾਫਾਈਲੈਕਸਿਸ ਸਮੇਤ) ਹੋਈ ਹੈ, ਤਾਂ ਤੁਹਾਨੂੰ ਕੋਵਿਡ-19 ਦਾ ਟੀਕਾ ਨਹੀਂ ਲਗਵਾਉਣਾ ਚਾਹੀਦਾ:

- ਉਸੇ ਟੀਕੇ ਦੀ ਪਿਛਲੀ ਖੁਰਾਕ
- ਟੀਕੇ ਵਿਚਲੀ ਕੋਈ ਵੀ ਸਮੱਗਰੀ

ਗੰਭੀਰ ਐਲਰਜੀ ਸੰਬੰਧੀ ਪ੍ਰਤੀਕਿਰਿਆਵਾਂ ਬਹੁਤ ਹੀ ਘੱਟ ਹੁੰਦੀਆਂ ਹਨ।ਜੇਕਰ ਤੁਹਾਡੇ ਅੰਦਰ ਟੀਕੇ ਦੀ ਕੋਈ ਪ੍ਰਤੀਕਿਰਿਆ ਨਹੀਂ ਹੈ, ਤਾਂ ਇਹ ਆਮ ਤੌਰ 'ਤੇ ਮਿੰਟਾਂ ਵਿੱਚ ਹੁੰਦੀ ਹੈ।ਟੀਕਾਕਰਨ ਕੇਂਦਰਾਂ ਦੇ ਸਟਾਫ਼ ਅਤੇ ਵਲੰਟੀਅਰਾਂ ਨੂੰ ਐਲਰਜੀ ਵਾਲੀਆਂ ਪ੍ਰਤੀਕਿਰਿਆਵਾਂ ਨਾਲ ਨਜਿੱਠਣ ਅਤੇ ਉਹਨਾਂ ਦਾ ਤੁਰੰਤ ਇਲਾਜ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ।

ਤੁਸੀਂ ਕੋਰੋਨਾਵਾਇਰਸ ਪੀਲੇ ਕਾਰਡ ਸੰਬੰਧੀ ਸੁਰੱਖਿਆ ਸਕੀਮ ਦੀ ਵਰਤੋਂ ਕਰਦੇ ਹੋਏ ਕਿਸੇ ਸ਼ੱਕੀ ਮਾੜੇ ਪ੍ਰਭਾਵਾਂ ਦੀ ਰਿਪੋਰਟ ਕਰ ਸਕਦੇ ਹੋ।

## ਕੋਵਿਡ-19 ਦੇ ਟੀਕੇ ਸੰਬੰਧੀ ਸਮੱਗਰੀ

ਵਿਡ-19 ਦੇ ਮਨਜ਼ੂਰਸ਼ੁਦਾ ਟੀਕਿਆਂ ਵਿੱਚ ਕੋਈ ਪਸ਼ੂ ਉਤਪਾਦ ਜਾਂ ਅੰਡਾ ਸ਼ਾਮਲ ਨਹੀਂ ਹੁੰਦਾ।

ਬ੍ਰਿਟਿਸ਼ ਇਸਲਾਮਿਕ ਮੈਡੀਕਲ ਕੌਂਸਲ ਇਹ ਸਿਫ਼ਾਰਿਸ਼ ਕਰਦੀ ਹੈ ਕਿ ਟੀਕਾ ਲਗਾਇਆ ਜਾ ਸਕਦਾ ਹੈ।ਕੈਥੋਲਿਕ ਚਰਚ ਨੇ ਕਿਹਾ ਹੈ ਕਿ ਕੋਵਿਡ-19 ਦੇ ਟੀਕਿਆਂ ਦੀ ਵਰਤੋਂ ਨੈਤਿਕ ਤੌਰ 'ਤੇ ਸਵੀਕਾਰ ਕਰਨ ਯੋਗ ਹੈ।

## ਹੋਰ ਜਾਣਕਾਰੀ

ਵਿਸ਼ਵ ਦੇ ਡਾਕਟਰ:ਕਲੀਨਿਕ ਅਤੇ ਕੋਵਿਡ-19 ਦੀ ਅਨੁਵਾਦਿਤ ਜਾਣਕਾਰੀ

ਬ੍ਰਿਟਿਸ਼ ਰੈੱਡ ਕਰਾਸ:ਕੋਵਿਡ-19 ਦੇ ਟੀਕੇ: ਤੁਹਾਨੂੰ ਕੀ ਜਾਣਨ ਦੀ ਜ਼ਰੂਰਤ ਹੈ

ਐੱਨ.ਐੱਚ.ਐੱਸ. (NHS) ਇੰਗਲੈਂਡ:ਕੋਰੋਨਾਵਾਇਰਸ (ਕੋਵੀਡ-19) ਦਾ ਟੀਕਾ

ਐੱਨ.ਐੱਚ.ਐੱਸ. (NHS) ਸੰਬੰਧੀ ਜਾਣਕਾਰੀ:ਕੋਰੋਨਾਵਾਇਰਸ (ਕੋਵੀਡ-19) ਦਾ ਟੀਕਾ

ਪਬਲਿਕ ਹੈਲਥ ਵੇਲਜ਼:ਕੋਵਿਡ-19 ਦੇ ਟੀਕਾ ਸੰਬੰਧੀ ਜਾਣਕਾਰੀ